# Press Note

March 03, 2020

**Attributable to Raveesh Kumar, Official Spokesperson, MEA**

## ਪ੍ਰੈਸ ਨੋਟ

**ਮਾਰਚ 03, 2020**

**ਵਿਸ਼ੇਸ਼ ਮੰਤਰਾਲੇ ਦੇ ਅਧਿਕਾਰਤ ਬੁਲਾਰੇ ਰਵੀਸ਼ ਕੁਮਾਰ ਵੱਲੋਂ ਜਾਰੀ**

ਜੇਨੇਵਾ ਵਿਖ ਸਾਡੇ ਸਥਾਈ ਮਿਸ਼ਨ ਨੂੰ ਕੱਲ ਸ਼ਾਮ ਸੰਯੁਕਤ ਰਾਸ਼ਟਰ ਮਨੁੱਖੀ ਅਧਿਕਾਰਾਂ ਦੇ ਹਾਈ ਕਮਿਸ਼ਨਰ ਨੇ ਜਾਣਕਾਰੀ ਦਿੱਤੀ ਕਿ ਉਨ੍ਹਾਂ ਦੇ ਦਫ਼ਤਰ ਨੇ ਸਾਲ 2019 ਦੇ ਨਾਗਰਿਕਤਾ ਸੋਧ ਕਾਨੂੰਨ (CAA) ਦੇ ਸਬੰਧ 'ਚ ਦਖਲ ਦੇਣ ਲਈ ਭਾਰਤੀ ਸੁਪਰੀਮ ਕੋਰਟ ਵਿਚ ਇੱਕ ਅਰਜ਼ੀ ਦਾਇਰ ਕੀਤੀ ਹੈ।

2. ਨਾਗਰਿਕਤਾ ਸੋਧ ਕਾਨੂੰਨ ਭਾਰਤ ਦਾ ਅੰਦਰੂਨੀ ਮਾਮਲਾ ਹੈ ਅਤੇ ਭਾਰਤੀ ਸੰਸਦ ਦੇ ਕਾਨੂੰਨ ਬਣਾਉਣ ਸੰਬੰਧੀ ਪ੍ਰਭੂਸੱਤਾਪੂਰਨ ਅਧਿਕਾਰ ਨਾਲ ਜੁੜਿਆ ਹੋਇਆ ਹੈ। ਸਾਨੂੰ ਪੂਰਾ ਯਕੀਨ ਹੈ ਕਿ ਭਾਰਤ ਦੀ ਪ੍ਰਭੂਸੱਤਾ ਨਾਲ ਜੁੜੇ ਮੁੱਦਿਆਂ ਬਾਰੇ ਦਖਲਅੰਦਾਜ਼ੀ ਕਰਨ ਦਾ ਕਿਸ ਵੀ ਵਿਦੇਸ਼ੀ ਧਿਰ ਦਾ ਕੋਈ ਹੱਕ ਨਹੀ ਬਣਦਾ ਹੈ।

3. ਸਾਨੂੰ ਸਪੱਸ਼ਟ ਹੈ ਕਿ CAA ਸੰਵਿਧਾਨਕ ਤੌਰ 'ਤੇ ਜਾਇਜ਼ ਹੈ ਅਤੇ ਸਾਡੀਆਂ ਸੰਵਿਧਾਨਕ ਕਦਰਾਂ ਕੀਮਤਾਂ ਦੀਆਂ ਲੋੜਾਂ ਅਨੁਸਾਰ ਹੈ। ਇਹ ਭਾਰਤ ਦੀ ਵੰਡ ਦੇ ਦੁਖਾਂਤ ਤੋਂ ਪੈਦਾ ਹੋਏ ਮਨੁੱਖੀ ਅਧਿਕਾਰਾਂ ਨਾਲ ਜੁੜੇ ਮੁੱਦਿਆਂ ਬਾਰੇ ਸਾਡੀ ਲੰਮੇਰੇ ਤੋਂ ਚੱਲੀ ਆ ਰਹੀ ਕੌਮੀ ਵਚਨਬੱਧਤਾ ਦਾ ਪ੍ਰਤੀਕ ਹੈ।

ਭਾਰਤ ਕਾਨੂੰਨ ਦੇ ਰਾਜ ਅਧੀਨ ਕਾਰਜਸ਼ੀਲ ਲੋਕਤੰਤਰੀ ਦੇਸ਼ ਹੈ। ਅਸੀ ਸਾਰੇ ਆਪਣੀ ਸੁਤੰਤਰ ਨਿਆਂਪਾਲਿਕਾ ਦਾ ਬਹੁਤ ਸਤਿਕਾਰ ਕਰਦੇ ਹਾਂ ਅਤੇ ਸਾਨੂੰ ਪੂਰਾ ਇਸ ਉੱਪਰ ਪੂਰਾ ਭਰੋਸਾ ਹੈ। ਸਾਨੂੰ ਪੂਰਾ ਯਕੀਨ ਹੈ ਕਿ ਸਾਡੇ ਸਹੀ ਅਤੇ ਨਿਆਂਸੰਮਤ ਸਟੈਂਡ ਨੂੰ ਮਾਨਯੋਗ ਸੁਪਰੀਮ ਕੋਰਟ ਸਹੀ ਕ਼ਰਾਰ ਦੇਵੇਗੀ।

ਨਵੀ ਦਿੱਲੀ

ਮਾਰਚ 03, 2020

DISCLAIMER : This is an approximate translation. The original is available in English on MEA's website and may be referred to as the official press release.